# ਦਫਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਈ ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ.ਨਗਰ(ਪੰਜਾਬ)।

ਵੱਲ,

ਸਮੂਹ ਮੰਡਲ ਸਿੱਖਿਆ ਅਫ਼ਸਰ(ਾਂ)
ਸਮੂਹ ਜ਼ਿਲਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਸਰਕਾਰੀ ਸਕੂਲ ਮੁੱਖੀ
ਪੰਜਾਬ।

ਪੱਤਰ ਨੰ: ਡੀ.ਜੀ.ਐਸ.ਈ./2015/ਨਿਗੀਖਣ/20153982
ਮਿਤੀ ਐਸ.ਏ.ਐਸ.ਨਗਰ 13.03.15

**ਵਿਸ਼ਾ:- ਮੋਨੀਟਰਿੰਗ ਟੀਮਾਂ ਦਾ ਪੁਨਰ ਗਠਨ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਸਮੇਂ-ਸਮੇਂ ਤੇ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਅਤੇ ਗੁਣਵੱਤਾ ਵਧਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਮੋਨੀਟਰਿੰਗ ਕਰਵਾਉਣ ਲਈ ਮੰਡਲ ਅਤੇ ਜਿਲ੍ਹਾ ਪੱਧਰ ਤੇ ਮੋਨੀਟਰਿੰਗ ਟੀਮਾਂ ਦਾ ਪੁਨਰਗਠਨ ਕੀਤਾ ਜਾ ਰਿਹਾ ਹੈ। ਇਹਨਾਂ ਟੀਮਾਂ ਦੀ ਚੋਣ ਨਾਲ ਨੱਥੀ ਹਦਾਇਤਾਂ ਅਨੁਸਾਰ ਕੀਤੀ ਜਾਣੀ ਹੈ। ਚਾਹਵਾਨ ਕਰਮਚਾਰੀ ਨਾਲ ਨੱਥੀ ਪ੍ਰਫਾਰਮੇ ਨੂੰ ਭਰ ਕੇ ਮਿਤੀ 20.03.15 ਤੱਕ ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਦੇ ਦਫਤਰ ਵਿਖੇ ਜਮ੍ਹਾਂ ਕਰਵਾਉਣਗੇ।ਵੱਧ ਸਕੂਲਾਂ ਵਾਲੇ ਜਿਲਿਆਂ ਲੁਧਿਆਣਾ, ਪਟਿਆਲਾ, ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ ਵਿਖੇ ਦੋ-ਦੋ ਟੀਮਾਂ ਦਾ ਗਠਨ ਕੀਤਾ ਜਾਵੇਗਾ।

3.0 ਮੰਡਲ ਸਿੱਖਿਆ ਅਫਸਰ(ਾਂ) ਅਤੇ ਜਿਲ੍ਹਾ ਸਿੱਖਿਆ ਅਫਸਰ(ਾਂ) (ਸੈਸਿ) ਨੂੰ ਲਿਖਿਆ ਜਾਂਦਾ ਹੈ ਕਿ ਪ੍ਰਾਪਤ ਬੇਨਤੀ ਪੱਤਰਾਂ ਦੇ ਅਧਾਰ ਤੇ ਹਰੇਕ ਵਿਸ਼ੇ ਦੇ ਪੰਜ ਮੈਂਬਰਾਂ ਦਾ ਪੈਨਲ ਤਿਆਰ ਕਰਕੇ ਮੁੱਖ ਦਫਤਰ ਦੀ ਵੈਬਸਾਈਟ www.ssapunjab.org ਤੇ ਮਿਤੀ 25.03.15 ਤੱਕ ਆਨਲਾਈਨ ਭੇਜਿਆ ਜਾਵੇ।

13/3/15

**ਵਾ: ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ।**

ਪਿੱਠ ਅੰਕਣ: ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖੇ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈਸਿ), ਪੰਜਾਬ ।
2. ਡੀ.ਪੀ.ਆਈ.(ਐਸਿ), ਪੰਜਾਬ।

13/3/15

**ਵਾ: ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ।**

# ਮੰਡਲ/ਜਿਲ੍ਹਾ ਮੋਨੀਟਰਿੰਗ ਟੀਮਾਂ ਦੇ ਮੈਂਬਰਾਂ ਦੀ ਚੋਣ ਕਰਨ ਸਬੰਧੀ ਹਦਾਇਤਾਂ

1. ਘੱਟੋ-ਘੱਟ ਵਿਦਿਅਕ ਯੋਗਤਾ:-

    ਉਪਰੋਕਤ ਕਰਮਚਾਰੀਆਂ ਦੀ ਘੱਟੋ-ਘੱਟ ਵਿਦਿਅਕ ਯੋਗਤਾ ਵਿੱਚ ਪੜ੍ਹਾਏ ਜਾਂਦੇ ਵਿਸ਼ੇ ਵਿੱਚ ਐਮ.ਏ/ਐਮ.ਐਸ.ਸੀ/ਐਮ.ਫਿਲ/ਐਮ.ਐਡ ਹੋਣੀ ਚਾਹੀਦੀ ਹੈ।
2. (ੳ) ਮੋਨੀਟਰਿੰਗ ਟੀਮ ਦਾ ਮੈਂਬਰ ਘੱਟੋ-ਘੱਟ ਲੈਕਚਰਾਰ ਕਾਡਰ ਦਾ ਹੋਣਾ ਚਾਹੀਦਾ ਹੈ।ਲੈਕ. ਨਾਂ ਮਿਲਣ ਦੀ ਸੂਰਤ ਵਿੱਚ ਸੀਨੀਅਰ ਮੋਸਟ ਮਾਸਟਰ ਵੀ ਸਵੀਕਾਰ ਯੋਗ ਹੋਵੇਗਾ।

    (ਅ) ਮੋਨੀਟਰਿੰਗ ਟੀਮ ਦਾ ਇੰਚਾਰਜ ਡੀ.ਐਸ.ਐਸ./ਪ੍ਰਿੰਸੀਪਲ/ਲੈਕਚਰਾਰ ਲਗਾਇਆ ਜਾਵੇਗਾ।
3. ਪੜ੍ਹਾਉਣ ਦਾ ਤਜ਼ਰਬਾ ਘੱਟੋ-ਘੱਟ 10 ਸਾਲ ਹੋਣਾ ਚਾਹੀਦਾ ਹੈ।
4. ਨਤੀਜਾ ਹਰ ਸਾਲ ਦਾ ਬੋਰਡ ਦੀ ਜਮਾਤ ਤੋਂ ਪਲੱਸ ਹੋਣਾ ਚਾਹੀਦਾ ਹੈ।
5. ਅਧਿਆਪਕ ਖਿਲਾਫ ਕੋਈ ਵਿਭਾਗੀ ਸ਼ਿਕਾਇਤ ਜਾਂ ਪੜਤਾਲ ਪੈਂਡਿੰਗ ਨਾ ਹੋਵੇ।
6. ਅਧਿਆਪਕ ਦਾ ਚਰਿੱਤਰ ਲੋਕਾਂ/ਅਧਿਆਪਕਾਂ ਵਿੱਚ ਹਰਮਨ ਪਿਆਰਾ ਹੋਵੇ।
7. ਅਧਿਆਪਕਾਂ ਦੁਆਰਾ ਸਕੂਲ ਵਿੱਚ ਪੜ੍ਹਾਏ ਜਾਂਦੇ ਆਪਣੇ ਵਿਸ਼ੇ ਦੀ ਮੁਹਾਰਤ ਦਾ ਹੋਣਾ ਜ਼ਰੂਰੀ ਹੈ।
8. ਅਧਿਆਪਕ ਦੀ ਸਿਹਤ ਰਿਸ਼ਟ-ਪੁਸ਼ਟ ਹੋਣੀ ਚਾਹੀਦੀ ਹੈ।
9. ਅਧਿਆਪਕ ਵੱਲੋਂ ਬੇਨਤੀ ਪੱਤਰ ਤੇ ਇਹ ਸਪਸ਼ਟ ਕੀਤਾ ਜਾਵੇ ਕਿ ਕਿਸ ਪੱਧਰ ਦੀ ਟੀਮ (ਜਿਲ੍ਹਾ/ਮੰਡਲ) ਲਈ ਅਪਲਾਈ ਕੀਤਾ ਜਾ ਰਿਹਾ ਹੈ।
10. ਡੀ.ਈ.ਓ/ਸੀ.ਈ.ਓ. ਵੱਲੋਂ ਅਧਿਆਪਕ ਦੇ ਨਾਂ ਦੀ ਸਹਿਮਤੀ ਹੋਣੀ ਜ਼ਰੂਰੀ ਹੈ।
11. ਐਸ.ਐਸ.ਏ ਵੱਲੋਂ ਲਾਏ ਜਾਂਦੇ ਸੈਮੀਨਾਰਾਂ ਵਿੱਚ ਅਧਿਆਪਕ ਦੀ ਭੂਮਿਕਾ ਉਸਾਰੂ ਵਿਚਾਰਾਂ ਵਾਲੀ ਰਹੀ ਹੋਣੀ ਚਾਹੀਦੀ ਹੈ।
12. ਅਧਿਆਪਕ ਦੀ ਚੋਣ ਤੋਂ ਬਾਅਦ ਉਸ ਨੂੰ ਇੱਕ ਸਾਲ ਲਈ ਭਾਵ ਸ਼ੈਸ਼ਨ 2015-16 ਲਈ ਕੰਮ ਕਰਨਾ ਜ਼ਰੂਰੀ ਹੋਵੇਗਾ।
13. ਮੁੱਖ ਦਫਤਰ ਦੇ ਆਦੇਸ਼ਾ ਅਨੁਸਾਰ ਟੀਮਾਂ ਨੂੰ ਅੰਤਰ ਜਿਲਾ ਸਕੂਲਾਂ ਦੀ ਮੋਨੀਟਰਿੰਗ ਵੀ ਕਰਨੀ ਪਵੇਗੀ।
14. ਅਧਿਆਪਕ ਨੂੰ ਮੋਨੀਟਰਿੰਗ ਦੌਰਾਨ ਐਸ.ਐਸ.ਏ ਦੇ ਨਿਯਮਾਂ ਅਨੁਸਾਰ ਸਫਰੀ ਭੱਤਾ ਅਤੇ ਡੀ.ਏ ਦਿੱਤਾ ਜਾਵੇਗਾ।
15. ਭਰਤੀ ਬੋਰਡ ਵੱਲੋਂ ਟੀਮ ਦੀ ਚੋਣ ਕੀਤੀ ਜਾਵੇਗੀ।
16. ਅਧਿਆਪਕ ਵੱਲੋਂ ਆਪਣਾ ਬੇਨਤੀ ਪੱਤਰ ਮਿਤੀ 20.03.15 ਤੱਕ ਮੰਡਲ ਸਿੱਖਿਆ ਅਫਸਰ (ਮੰਡਲ ਪੱਧਰੀ ਟੀਮ ਲਈ) ਅਤੇ ਜਿਲ੍ਹਾ ਸਿੱਖਿਆ ਅਫਸਰ (ਜਿਲ੍ਹਾ ਪੱਧਰੀ ਟੀਮ ਲਈ) ਵੱਲ ਭੇਜਿਆ ਜਾਵੇ।
17. ਮੰਡਲ ਸਿੱਖਿਆ ਅਫਸਰਾਂ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਪ੍ਰਾਪਤ ਬੇਨਤੀ ਪੱਤਰਾਂ ਦੇ ਅਧਾਰ ਤੇ ਹਰੇਕ ਵਿਸ਼ੇ ਦੇ ਪੰਜ ਮੈਂਬਰਾਂ ਦਾ ਪੈਨਲ ਤਿਆਰ ਕਰਕੇ ਮੁੱਖ ਦਫਤਰ ਵਿਖੇ ਮਿਤੀ 25.03.15 ਤੱਕ ਭੇਜਿਆ ਜਾਵੇ।
18. ਮੋਨੀਟਰਿੰਗ ਵਿੱਚ ਸਾਇੰਸ, ਹਿਸਾਬ, ਅੰਗ੍ਰੇਜ਼ੀ, ਸਮਾਜਿਕ ਸਿੱਖਿਆ, ਪੰਜਾਬੀ/ਹਿੰਦੀ ਵਿਸ਼ ਦੇ ਮੈਂਬਰ ਹੀ ਸ਼ਾਮਿਲ ਹੋ ਸਕਦੇ ਹਨ।

12/3/15

**ਵਾ:ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ**

# ਮੰਡਲ/ਜਿਲ੍ਹਾ ਮੋਨੀਟਰਿੰਗ ਟੀਮਾਂ ਦੇ ਮੈਂਬਰਾਂ ਦੀ ਚੋਣ ਕਰਨ ਸਬੰਧੀ ਪ੍ਰੋਫਾਰਮਾ

1. ਪੱਧਰ: ਮੰਡਲ ਪੱਧਰੀ/ਜਿਲ੍ਹਾ ਪੱਧਰੀ ..........................
2. ਕੇਵਲ ਜਲੰਧਰ ਮੰਡਲ ਟੀਮ ਲਈ:
   ਮੰਡਲ ਮੋਨੀਟਰਿੰਗ ਟੀਮ ਜਲੰਧਰ ਜਾਂ ਬਾਰਡਰ ਏਰੀਆ ਮੋਨੀਟਰਿੰਗ ਟੀਮ ...............................
3. ਅਧਿਆਪਕ ਦਾ ਨਾਂ: ....................................................................................
4. ਪਿਤਾ/ਪਤੀ ਦਾ ਨਾਂ: ....................................................................................
5. ਅਧਿਆਪਕ ਦਾ ਅਹੁਦਾ (ਵਿਸ਼ੇ ਸਮੇਤ): ..............................................................
6. ਸਕੂਲ ਦਾ ਨਾਂ: ............................................. ਜਿਲ੍ਹਾ: .....................................
7. ਜਨਮ ਮਿਤੀ: ...................................................
8. ਵਿੱਦਿਅਕ ਯੋਗਤਾ : ....................................................................................
9. ਸਰਕਾਰੀ ਸੇਵਾ ਵਿੱਚ ਆਉਣ ਦੀ ਮਿਤੀ : ......................................
10. ਪੜ੍ਹਾਉਣ ਦਾ ਤਜਰਬਾ : ............... ਸਾਲ .................. ਮਹੀਨੇ ................. ਦਿਨ ........
11. ਕੀ ਅਧਿਆਪਕ ਨੇ ਪਹਿਲਾਂ ਵੀ ਕਿਸੇ ਮੋਨੀਟਰਿੰਗ ਟੀਮ ਵਿੱਚ ਕੰਮ ਕੀਤਾ ਹੈ? ਹਾਂ/ਨਹੀਂ
    ਜੇਕਰ ਹਾਂ ਤਾਂ ਮੋਨੀਟਰਿੰਗ ਟੀਮ ਦਾ ਨਾਂ ਅਤੇ ਟੀਮ ਵਿੱਚ ਕੰਮ ਕਰਨ ਦਾ ਸਮਾਂ .............................
12. ਕੀ ਅਧਿਆਪਕ ਕੰਪਿਊਟਰ ਦੀ ਜਾਣਕਾਰੀ ਰੱਖਦਾ ਹੈ? ਹਾਂ/ਨਹੀਂ .........................................
13. ਈ-ਮੇਲ ਦਾ ਪਤਾ: ....................................................................................
14. ਘਰ ਦਾ ਪਤਾ : ..........................................................................
    ..........................................................................ਮੋਬਾਈਲ ਨੰ. ..............................
13. ਪਿਛਲੇ ਪੰਜ ਸਾਲਾਂ ਦੇ ਬੋਰਡ ਦੇ ਨਤੀਜਿਆਂ ਦਾ ਵੇਰਵਾ:

| ਲੜੀ ਨੰ. | ਸਾਲ | ਜਮਾਤ | ਵਿਸ਼ਾ | ਅਧਿਆਪਕ ਦਾ ਨਤੀਜਾ | ਬੋਰਡ ਦਾ ਨਤੀਜਾ | ਜਿਨ੍ਹਾਂ ਵੱਧ ਹੈ | ਵਿਸ਼ੇਸ਼ ਕਥਨ |
|---|---|---|---|---|---|---|---|
| 1 | 2009-10 | | | | | | |
| 2 | 2010-11 | | | | | | |
| 3 | 2011-12 | | | | | | |
| 4 | 2012-13 | | | | | | |
| 5 | 2013-14 | | | | | | |

ਮੈਂ ਬਿਆਨ ਕਰਦਾ/ਕਰਦੀ ਹਾਂ ਕਿ ਨਾਲ ਨੱਥੀ ਸਾਰੀਆਂ ਹਦਾਇਤਾਂ ਅਨੁਸਾਰ ਬਿਨੇ ਪੱਤਰ ਅੰਦਰ ਮੇਰੇ ਵੱਲੋਂ ਸਾਰੀ ਜਾਣਕਾਰੀ ਸਹੀ ਭਰੀ ਗਈ ਹੈ। ਜੇਕਰ ਮੇਰੇ ਦੁਆਰਾ ਭਰੀ ਗਈ ਉਪਰੋਕਤ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਮੈਂ ਇਸ ਲਈ ਜਿੰਮੇਵਾਰ ਹੋਵਾਂਗਾ/ਹੋਵਾਂਗੀ।

ਬਿਨੈਕਾਰ ਦੇ ਹਸਤਾਖਰ